ਸਵਾਗਤ ਜ਼ਿੰਦਗੀ
ਦਸਵੀਂ

ਸਮਾਂ:2 ਘੰਟੇ

ਲਿਖਤੀ : 50 ਅੰਕ

## ਪ੍ਰਸ਼ਨ-ਪੱਤਰ ਦੀ ਰੂਪ ਰੇਖਾ

1. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
2. ਪ੍ਰਸ਼ਨ ਪੱਤਰ ਚਾਰ ਭਾਗਾਂ (ੳ, ਅ, ੲ, ਸ) ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

ਭਾਗ ੳ ਵਿੱਚ ਪ੍ਰਸ਼ਨ ਨੰ 1 (i-x) ਵਿੱਚ 1● ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ।

1●×01=10 ਅੰਕ

ਭਾਗ-ਅ ਵਿੱਚ ਪ੍ਰਸ਼ਨ ਨੰ 2 ਦੇ ਪੰਜ ਭਾਗ ਖਾਲੀ ਥਾਂ ਭਰਨ ਵਾਲੇ ਪ੍ਰਸ਼ਨ ਹੋਣਗੇ ਅਤੇ ਪ੍ਰਸ਼ਨ ਨੰ. 3 ਵਿੱਚ ਪੰਜ ਮਿਲਾਨ ਕਰਨ ਵਾਲੇ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ।

5×1+5×1=10 ਅੰਕ

ਭਾਗ-ੲ ਵਿੱਚ ਪ੍ਰਸ਼ਨ ਨੰ 4 ਵਿੱਚ ਵਿਦਿਆਰਥੀ ਨੂੰ ਦਿੱਤੇ ਗਏ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ ਅਤੇ ਇਸਦੇ ਪੰਜ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੋ ਅੰਕ ਦਾ ਹੋਵੇਗਾ।

05×02=10 ਅੰਕ

ਭਾਗ-ਸ ਵਿੱਚ ਪ੍ਰਸ਼ਨ ਨੰ 5 ਵਿੱਚ ਦੋ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਦਾ ਉੱਤਰ 5●-6● ਸ਼ਬਦਾਂ ਵਿੱਚ ਦੇਣਾ ਹੋਵੇਗਾ। ਪ੍ਰਸ਼ਨ ਨੰ. 6 ਕਾਲਪਨਿਕ (hypothetical) ਸਥਿਤੀ ਤੇ ਅਧਾਰਿਤ 3 ਪ੍ਰਸ਼ਨ ਹੋਣਗੇ ਜਿਨ੍ਹਾਂ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਅਤੇ ਪ੍ਰਸ਼ਨ ਨੰ. 7 ਵਾਸਤਵਿਕ ਜੀਵਨ ਨਾਲ ਜੁੜੀ ਸਮੱਸਿਆ ਨੂੰ ਹੱਲ ਕਰਨ ਨਾਲ ਸੰਬੰਧਿਤ 2 ਪ੍ਰਸ਼ਨ ਹੋਣਗੇ। ਜਿੰਨ੍ਹਾਂ ਵਿੱਚੋਂ ਕੋਈ 1 ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ ਪੰਜ ਅੰਕਾਂ ਦਾ ਹੋਵੇਗਾ।

●4×05=20 ਅੰਕ

## ਪ੍ਰਸ਼ਨ-ਪੱਤਰ ਦੀ ਬਣਤਰ

| ਭਾਗ | ਪ੍ਰਸ਼ਨ ਪੱਤਰ ਦੀ ਰੂਪ-ਰੇਖਾ | ਅੰਕਾਂ ਦੀ ਵੰਡ |
|---|---|---|
| ੳ | 10 ਬਹੁਵਿਕਲਪੀ ਪ੍ਰਸ਼ਨ | 10×1=10 ਅੰਕ |
| ਅ | 10 ਵਸਤੂਨਿਸ਼ਠ ਪ੍ਰਸ਼ਨ | 10×1=10 ਅੰਕ |
| ੲ | ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਪੈਰੇ ਨੂੰ ਪੜ੍ਹ ਕੇ ਉੱਤਰ ਦੇਣਾ) | 5×2=10 ਅੰਕ |
| ਸ | ਵੱਡੇ ਉੱਤਰਾਂ ਵਾਲੇ ਪ੍ਰਸ਼ਨ | 4×5=20 ਅੰਕ |
| ਕੁੱਲ | | **50 ਅੰਕ** |

## ਪ੍ਰਯੋਗੀ ਅੰਕ-ਵੰਡ

**ਕੁੱਲ ਅੰਕ =40 ਅੰਕ**

### ਭਾਗ (ੳ)

ਇਸ ਭਾਗ ਵਿੱਚ ਕੁੱਲ 20 ਅੰਕ ਹੋਣਗੇ। ਇਹ ਅੰਕ ਨਿਰਧਾਰਿਤ ਪਾਠ-ਪੁਸਤਕ ਦੀਆਂ ਸਲਾਨਾ ਕਿਰਿਆਵਾਂ ਨੂੰ ਕਰਨ, ਇਸ ਵਿਚਲੀਆਂ ਵਰਕਸ਼ੀਟਸ ਨੂੰ ਮੁਕੰਮਲ ਕਰਨ ਅਤੇ ਪਾਠ-ਪੁਸਤਕ ਦੀਆਂ ਅਭਿਆਸੀ ਪ੍ਰਸ਼ਨਾਵਲੀਆਂ ਨੂੰ ਹੱਲ ਕਰਨ ਦੀ ਵਿਹਾਰਕ ਕਾਰਗੁਜ਼ਾਰੀ ਨਾਲ ਸੰਬੰਧਿਤ ਹੋਣਗੇ।

20 ਅੰਕ

### ਭਾਗ (ਅ)

**ਇਸ ਭਾਗ ਵਿੱਚ ਨਿਰਧਾਰਿਤ ਪਾਠ-ਪੁਸਤਕ ਵਿੱਚੋਂ ਕੋਈ ਇੱਕ ਕਿਰਿਆ ਕਰਵਾਈ ਜਾਵੇਗੀ। ਇਸਦੇ 10 ਅੰਕ ਹੋਣਗੇ।**

10 ਅੰਕ

### ਭਾਗ (ੲ)

ਇਸ ਭਾਗ ਵਿੱਚ ਨਿਰਧਾਰਿਤ ਪਾਠ-ਪੁਸਤਕ ਵਿੱਚ ਸ਼ਾਮਿਲ ਕੀਤੀਆਂ ਗਈਆਂ ਕਦਰਾਂ-ਕੀਮਤਾਂ ਨਾਲ ਸੰਬੰਧਿਤ ਮੌਖਿਕ ਪ੍ਰਸ਼ਨੋਤਰੀ (Viva) ਹੋਵਗੀ। ਇਸਦੇ 10 ਅੰਕ ਹੋਣਗੇ।

10 ਅੰਕ